# Visit of External Affairs Minister to the United States of America (April 11-12, 2022)

April 07, 2022

..............

# ਵਿਦੇਸ਼ ਮੰਤਰੀ ਵੱਲੋਂ ਸੰਯੁਕਤ ਰਾਜ ਅਮਰੀਕਾ ਦੀ ਫੇਰੀ (11-12 ਅਪ੍ਰੈਲ, 2022)

**7 ਅਪ੍ਰੈਲ, 2022**

ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ **11-12** ਅਪ੍ਰੈਲ **2022** ਤੱਕ ਸੰਯੁਕਤ ਰਾਜ ਅਮਰੀਕਾ ਦਾ ਦੌਰਾ ਕਰਨਗੇ।

ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਚੌਥੇ ਭਾਰਤ-ਅਮਰੀਕਾ **2+2** ਮੰਤਰੀ ਪੱਧਰੀ ਸੰਵਾਦ ਦੌਰਾਨ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ। **11** ਅਪ੍ਰੈਲ, **2022** ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਹੋ ਰਹੇ **2+2** ਮੰਤਰੀ ਪੱਧਰੀ ਵਾਰਤਾਲਾਪ ਦੌਰਾਨ ਅਮਰੀਕੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਰੱਖਿਆ ਸਕੱਤਰ ਲਿਓਡ ਆਸਟਿਨ ਕਰਨਗੇ। ਇਸ ਗੱਲਬਾਤ ਸਦਕਾ ਦੋਵਾਂ ਧਿਰਾਂ ਨੂੰ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਰਣਨੀਤਕ ਮਾਰਗਦਰਸ਼ਨ ਅਤੇ ਦ੍ਰਿਸ਼ਟੀ ਮਿਲਣ ਤੋਂ ਛੁੱਟ ਵਿਦੇਸ਼ ਨੀਤੀ, ਰੱਖਿਆ ਅਤੇ ਸੁਰੱਖਿਆ ਨਾਲ ਸਬੰਧਤ ਭਾਰਤ-ਅਮਰੀਕਾ ਦੁਵੱਲੇ ਏਜੰਡੇ ਵਿੱਚ ਅੰਤਰ-ਰਾਸ਼ਟਰੀ ਮੁੱਦਿਆਂ ਦੀ ਵਿਆਪਕ ਸਮੀਖਿਆ ਹੋ ਸਕੇਗੀ। **2+2** ਵਾਰਤਾਲਾਪ ਨਾਲ ਮਹੱਤਵਪੂਰਨ ਖੇਤਰੀ ਅਤੇ ਆਲਮੀ ਘਟਨਾਕ੍ਰਮ ਬਾਰੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਵੀ ਮਿਲੇਗਾ ਕਰੇਗਾ ਅਤੇ ਇਹ ਵੀ ਕਿ ਸਾਂਝੇ ਹਿੱਤਾਂ ਅਤੇ ਚਿੰਤਾਵਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਅਸੀਂ ਕਿਵੇਂ ਮਿਲ ਕੇ ਕੰਮ ਕਰ ਸਕਦੇ ਹਾਂ।

ਮੌਜੂਦਾ ਅਤੇ ਬਾਕਾਇਦਾ ਗੱਲਬਾਤ ਦੇ ਹਿੱਸੇ ਵਜੋਂ ਵਿਦੇਸ਼ ਮੰਤਰੀ ਵੱਖਰੇ ਤੌਰ 'ਤੇ ਆਪਣੇ ਅਮਰੀਕੀ ਹਮਰੁਤਬਾ ਸਕੱਤਰ ਬਲਿੰਕਨ ਨਾਲ ਮੁਲਾਕਾਤ ਕਰਨਗੇ।

ਵਿਦੇਸ਼ ਮੰਤਰੀ ਭਾਰਤ-ਅਮਰੀਕਾ ਵਿਆਪਕ ਆਲਮੀ ਰਣਨੀਤਕ ਭਾਈਵਾਲੀ ਨੂੰ ਹੋਰ ਅੱਗੇ ਵਧਾਉਣ ਲਈ ਅਮਰੀਕੀ ਪ੍ਰਸ਼ਾਸਨ ਦੇ ਸੀਨੀਅਰ ਮੈਂਬਰਾਂ ਨਾਲ ਵੀ ਮੁਲਾਕਾਤ ਕਰਨਗੇ।

ਨਵੀਂ ਦਿੱਲੀ

**7 ਅਪ੍ਰੈਲ, 2022**

DISCLAIMER: This is an approximate translation. The original is available in English on MEA’s website and may be referred to as the official press release.